# ਵਰਕਸ਼ੀਟ

**ਹੇਠ ਲਿਖਿਆਂ ਵਿੱਚੋਂ ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ ।**

1. **ਮੱਝ ਦੇ ਬੱਚੇ ਨੂੰ ਕੀ ਕਿਹਾ ਜਾਂਦਾ ਹੈ?**

   (ੳ) ਵਛੇਰਾ　　ਅ) ਕੱਟਾ　　ੲ) ਮੇਮਣਾ　　ਸ) ਬਲੂੰਗੜਾ

2. **ਸੱਪ, ਮਗਰਮੱਛ ਅਤੇ ਕਿਰਲੀ ਕਿਹੜੇ ਜੰਤੂ ਹੁੰਦੇ ਹਨ ?**

   ੳ) ਉੱਡਣ ਵਾਲੇ ਜੰਤੂ　　ਅ) ਭੱਜਣ ਵਾਲੇ ਜੰਤੂ　　ੲ) ਰੀਂਗਣ ਵਾਲੇ ਜੰਤੂ　　ਸ) ਪਾਣੀ ਵਿੱਚ ਰਹਿਣ ਵਾਲੇ

3. **ਜ਼ਿਆਦਾਤਰ ਜੰਤੂ ਆਪਣੇ ਬੱਚਿਆਂ ਦੀ..............**

   ੳ) ਬਰਬਾਦੀ ਕਰਦੇ ਹਨ।　ਅ) ਬਲੀ ਦਿੰਦੇ ਹਨ।　ੲ) ਦੇਖਭਾਲ ਕਰਦੇ ਹਨ।　ਸ) ਕੋਈ ਪਰਵਾਹ ਨਹੀਂ ਕਰਦੇ।

4. **ਪੰਛੀ, ਤੀਲੇ ਅਤੇ ਘਾਹ-ਫੂਸ ਆਦਿ ਇਕੱਠਾ ਕਰਕੇ ਕੀ ਬਣਾਉਂਦੇ ਹਨ ?**

   ੳ) ਪੱਕੇ ਘਰ　　ਅ) ਝੌਂਪੜੀਆਂ　　ੲ) ਆਲ੍ਹਣੇ　　ਸ) ਗੁਫ਼ਾ

5. **ਜ਼ਿਆਦਾਤਰ ਪੰਛੀ ............**

   ੳ) ਬੱਚੇ ਦਿੰਦੇ ਹਨ।　　ਅ) ਦੁੱਧ ਦਿੰਦੇ ਹਨ।　　ੲ) ਅੰਡੇ ਦਿੰਦੇ ਹਨ।　　ਸ) ਰੀਂਗਦੇ ਹਨ।

6. **ਜਨਮ ਸਮੇਂ ਪੰਛੀਆਂ ਦੇ ਬੱਚਿਆਂ ਦੇ............**

   ੳ) ਖੰਭ ਨਹੀਂ ਹੁੰਦੇ।　　ਅ) ਖੰਭ ਹੁੰਦੇ ਹਨ।　　ੲ) ਮੂੰਹ ਖੁੱਲ੍ਹੇ ਹੁੰਦੇ ਹਨ।　　ਸ) ਸਰੀਰ ਤਕੜੇ ਹੁੰਦੇ ਹਨ।

7. **ਪੰਛੀ ਆਪਣੇ ਬੱਚਿਆਂ ਲਈ ਉੱਡਣਯੋਗ ਹੋਣ ਤੱਕ................**

   ੳ) ਕੋਈ ਪਰਵਾਹ ਨਹੀਂ ਕਰਦੇ।　　ਅ) ਖ਼ਰਾਬ ਮੌਸਮ ਅਤੇ ਦੁਸ਼ਮਣਾਂ ਤੋਂ ਰਾਖੀ ਕਰਦੇ ਹਨ।

   ੲ) ਉਹਨਾਂ ਨੂੰ ਚੋਗਾ ਨਹੀਂ ਦਿੰਦੇ।　　ਸ) ਨਫ਼ਰਤ ਕਰਦੇ ਹਨ।

8. **ਠੰਡ ਅਤੇ ਮੀਂਹ ਤੋਂ ਬਚਾਉਣ ਲਈ ਪੰਛੀ ਆਪਣੇ ਬੱਚਿਆਂ ਨੂੰ............**

   ੳ) ਕਮਰੇ ਵਿੱਚ ਲੈ ਜਾਂਦੇ ਹਨ।　　ਅ) ਜੰਗਲ ਵਿੱਚ ਲੈ ਜਾਂਦੇ ਹਨ।



Scanned with CamScanner

ੲ) ਅੱਗ ਦੇ ਨੇੜੇ ਲੈ ਜਾਂਦੇ ਹਨ। ਸ) ਖੰਭਾਂ ਨਾਲ ਢੱਕ ਲੈਂਦੇ ਹਨ।

**9. ਕਈ ਜੰਤੂ ਅਜਿਹੇ ਹਨ, ਜੋ ਬੱਚਿਆਂ ਨੂੰ ਜਨਮ ਦਿੰਦੇ ਹਨ। ਇਨ੍ਹਾਂ ਨੂੰ ਕੀ ਕਹਿੰਦੇ ਹਨ ?**

ੳ) ਥਣਧਾਰੀ ਜੰਤੂ ਅ) ਸੂਝਵਾਨ ਜੰਤੂ ੲ) ਮਾਤਾ-ਪਿਤਾ ਸ) ਘਰੇਲੂ-ਜੰਤੂ

**10. ਥਣਧਾਰੀ ਜੰਤੂਆਂ ਦੇ ਨਵਜੰਮੇ ਬੱਚੇ ਭੋਜਨ ਵਜੋਂ................**

ੳ) ਫ਼ਲ ਖਾਂਦੇ ਹਨ। ਅ) ਦੁੱਧ ਪੀਂਦੇ ਹਨ।

ੲ) ਆਪਣੀ ਮਾਂ ਦਾ ਦੁੱਧ ਪੀਂਦੇ ਹਨ। ਸ) ਚਾਰਾ ਖਾਂਦੇ ਹਨ।

**11. ਕਿਹੜੇ ਜੰਤੂਆਂ ਦੇ ਬਾਹਰੀ ਕੰਨ ਨਹੀਂ ਹੁੰਦੇ?**

ੳ) ਰੀਂਗਣ ਵਾਲੇ ਅ) ਥਣਧਾਰੀ ੲ) ਆਂਡੇ ਦੇਣ ਵਾਲੇ ਸ) ਸਾਰੇ ਜੰਤੂਆਂ ਦੇ

**12. ਜੇਕਰ ਤੁਸੀਂ ਛੋਟੇ ਕਤੂਰਿਆਂ ਜਾਂ ਛੋਟੇ ਵੱਛਿਆਂ ਨੂੰ ਛੂਹਣ ਦੀ ਕੋਸ਼ਿਸ਼ ਕਰਦੇ ਹੋ ਤਾਂ ਉਨ੍ਹਾਂ ਦੀ ਮਾਂ...........**

ੳ) ਨੂੰ ਕੋਈ ਪਰਵਾਹ ਨਹੀਂ ਹੁੰਦੀ। ਅ) ਇਸ ਦਾ ਵਿਰੋਧ ਕਰਦੀ ਹੈ।

ੲ) ਖੁਸ਼ ਹੁੰਦੀ ਹੈ। ਸ) ਰੋਣ ਲੱਗ ਜਾਂਦੀ ਹੈ।

**ਅਧਿਆਪਕ ਪੂਰਾ ਅਧਿਆਇ ਕਰਵਾਉਣ ਤੋਂ ਬਾਅਦ ਦਿੱਤੀ ਵਰਕਸ਼ੀਟ ਬੱਚਿਆਂ ਨੂੰ ਕਰਵਾ ਕੇ ਦੇਖਣਗੇ ਕਿ ਕਿੰਨੇ ਬੱਚਿਆਂ ਨੇ ਸਿੱਖਣ ਪਰਿਣਾਮ ਪ੍ਰਾਪਤ ਕੀਤੇ ਹਨ?**

| ਪ੍ਰਤੀਸ਼ਤ | 30% ਤੋਂ ਘੱਟ | 30% - 80% ਤੱਕ | 80% ਤੋਂ ਵੱਧ |
|---|---|---|---|
| ਵਿਦਿਆਰਥੀਆਂ ਦੀ ਗਿਣਤੀ | | | |



Scanned with CamScanner